weeklypoetry.com

**Exam. Code : 108501**
**Subject Code : 2095**

## B.Com. 1st Semester

## PUNJABI COMPULSORY

## Paper–BCG-102 (i)

Time Allowed—3 Hours] [Maximum Marks—50

1. ਹੇਠ ਲਿਖੇ ਕਾਵ-ਟੋਟੇ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :

ਸੋਹਣਿਆ ! ਤੂੰ ਦੱਸ ਨਾ, ਉਹ ਵੇਲੇ, ਕਿਉਂ ਲੱਦ ਗਏ ?
ਵਹਿਮ ਸਨ ਸਾਡੇ ਠੀਕ, ਪਰ ਤੁਹਾਡੇ ਕੀ ਘੱਟ ਹਨ ?
ਨਾਮ ਬਦਲੇ, ਰੂਪ ਬਦਲੇ, ਤੱਕੇ ਨੀਝ ਲਾ,
ਹੈਨ ਉਹ ਸਭ ਉਹੋ ਜਿਹੇ ਵਹਿਮ ਅੱਜ ਵੀ ?
ਆਦਮੀ ਦੀ ਪੂਜਾ ਛੱਡੀ ਮੰਨਿਆ ਗੁਨਾਹ ਸੀ,
ਪਰ ਠੀਕਰੀਆਂ ਦੀ ਪੂਜਾ ਅੱਜ ਦੀ ਕਥਾਈ ਦਾ ਪੁੰਨ ਹੈ ?
ਸੇਵਾ ਕਰਨੀ, ਮਜੂਰੀ ਮੰਗਣੀ ਨਾਂਹ, ਕੁਝ ਜਾਹਿਲ ਸੀ,
ਕੂੜ ਪਾਪ ਕਰ ਅਮੀਰ ਹੋਣਾ, ਵਹਿਲਾ ਵਹਿਲਾ, ਇਹ
ਬੇਸਬਰੀ ਕਦ ਅੰਮ੍ਰਿਤ ਬਣੀ ਸੀ ?

**ਜਾਂ**

‘ਸਿਦਕਾਂ ਵਾਲਿਆਂ ਦੇ ਬੇੜੇ ਪਾਰ ਨੇ’ ਕਵਿਤਾ ਦਾ ਵਿਸ਼ਾ-ਵਸਤੂ ਬਿਆਨ ਕਰੋ। 10

2. ‘ਏਸ਼ੀਆ ਦਾ ਚਾਨਣ : ਭਗਵਾਨ ਬੁੱਧ’ ਦਾ ਸਾਰ ਲਿਖੋ।

**ਜਾਂ**

‘ਭਗਤੀ ਦਾ ਚਾਨਣ-ਮੁਨਾਰਾ : ਮੀਰਾ ਬਾਈ’ ਜੀਵਨੀ ਵਿੱਚੋਂ ਮੀਰਾ ਬਾਈ ਦਾ ਬਿੰਬ ਉਸਾਰੋ। 10



weeklypoetry.com

weeklypoetry.com

3. ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ **ਇੱਕ** ਉੱਪਰ ਪੈਰ੍ਹਾ-ਰਚਨਾ ਕਰੋ :

(1) ਗੁਰੂ ਨਾਨਕ ਦੇਵ ਜੀ

(2) ਇੰਟਰਨੈੱਟ

(3) ਰਾਜਨੀਤੀ।

**ਜਾਂ**

ਮਨੁੱਖੀ ਹੋਂਦ ਲਈ ਪਾਣੀ ਦੀ ਅਵੱਸ਼ ਲੋੜ ਹੈ। ਅਸਲ ਵਿੱਚ ਜੀਵਨ ਦਾ ਆਰੰਭ ਹੀ ਪਾਣੀ ਵਿੱਚੋਂ ਹੋਇਆ ਹੈ। ਆਦਿ ਕਾਲੀਨ ਮਨੁੱਖ ਪਾਣੀ ਦੀ ਲੋੜ ਕੁਦਰਤੀ ਸੋਮਿਆਂ ਜਿਵੇਂ ਦਰਿਆਵਾਂ ਜਾਂ ਝਰਨਿਆਂ ਤੋਂ ਪੂਰੀ ਕਰਦਾ ਸੀ। ਸਾਡੇ ਪਾਸ ਇਸ ਯੁੱਗ ਦੀ ਯਾਦਗਾਰ 'ਘਾਟ' ਦਾ ਸ਼ਬਦ ਹੈ, ਜਿਸ ਦਾ ਅਰਥ 'ਦਰਿਆ ਦਾ ਕੰਢ' ਹੈ, ਅਰਥਾਤ ਪਾਣੀ ਭਰਨ ਅਤੇ ਨਹਾਉਣ ਧੋਣ ਦੀ ਥਾਂ। ਇਸ ਤੋਂ ਇਲਾਵਾ 'ਘਾਟ' ਦਾ ਅਰਥ ਪੱਤਣ ਵੀ ਹੈ। ਪਾਣੀ ਭਰਨ ਵਾਲੀ ਥਾਂ ਲਈ 'ਪਨਘਟ' ਸ਼ਬਦ ਵੀ ਹੈ, ਜਿਸ ਦਾ ਜ਼ਿਆਦਾ ਸੰਬੰਧ ਹਿੰਦੀ ਨਾਲ ਹੈ। ਉਂਝ ਪੰਜਾਬੀ ਵਿੱਚ 'ਘਾਟਾਂ' ਦੀ ਵਰਤੋਂ ਵੀ ਪਾਣੀ ਭਰਨ ਦੀ ਥਾਂ ਲਈ ਘੱਟ ਵੱਧ ਹੀ ਹੁੰਦੀ ਹੈ ਅਤੇ ਇਸ ਦੀਆਂ ਪੈੜਾਂ ਕੇਵਲ ਅਖਾਣਾਂ ਜਾਂ ਮੁਹਾਵਰਿਆਂ ਵਿੱਚ ਹੀ ਦਿਸਦੀਆਂ ਹਨ, ਜਿਵੇਂ 'ਘਰ-ਘਾਟ', 'ਘਰ ਦਾ ਨਾ ਘਾਟ ਦਾ' ਅਤੇ 'ਘਾਟ ਘਾਟ ਦਾ ਪਾਣੀ ਪੀਣਾ'। ਘਰ ਦੇ ਟਾਕਰੇ ਘਾਟ ਦੀ ਵਰਤੋਂ ਤੋਂ ਇਸ ਥਾਂ ਦੀ ਮਹੱਤਤਾ ਦਾ ਭਲੀ-ਭਾਂਤ ਪਤਾ ਲੱਗ ਜਾਂਦਾ ਹੈ। ਘਾਟ ਤੋਂ ਅੱਗੇ ਚੱਲ ਕੇ ਖੂਹ ਦੀ ਕਾਢ ਸੱਭਿਅਤਾ ਦੇ ਵਿਕਾਸ ਦੀ ਇੱਕ ਵੱਡੀ ਘਟਨਾ ਹੈ। ਪੰਜਾਬੀ ਜਨ-ਜੀਵਨ ਵਿੱਚ ਖੂਹ ਦੀ ਸੰਸਥਾ ਨਵੇਕਲੀ ਹੈ। ਸਮੇਂ ਦੇ ਹੋਰ ਅੱਗੇ ਵੱਧਣ ਨਾਲ ਖੂਹਾਂ ਦੀ ਥਾਂ ਨਲਕੇ ਮੱਲ ਲੈਂਦੇ ਹਨ ਅਤੇ ਅੱਜ-ਕੱਲ੍ਹ

weeklypoetry.com

weeklypoetry.com

ਟੂਟੀਆਂ ਤੇ ਜਲ-ਘਰਾਂ ਦਾ ਬੋਲਬਾਲਾ ਹੈ। ਇਸ ਤਰ੍ਹਾਂ ਸਮੇਂ ਦੇ ਫੇਰ ਨਾਲ ਪਨਘਟ ਤੇ ਖੂਹਾਂ ਤੋਂ ਪਾਣੀ ਭਰਨ ਦਾ ਰਿਵਾਜ, ਜੋ ਜਨਾਨੀਆਂ ਦਾ ਕਿੱਤਾ ਸੀ, ਇੱਕ ਬੀਤੇ ਸਮੇਂ ਦੀ ਯਾਦ ਬਣ ਕੇ ਰਹਿ ਗਿਆ ਹੈ। ਬਾਂਕੀਆਂ ਨਾਰਾਂ ਦਾ ਖੂਹ ਤੇ ਪਾਣੀ ਭਰਨਾ ਅਤੇ ਚਾਹਵਾਨ ਰਾਹੀਆਂ ਦਾ ਪਾਣੀ ਦਾ ਘੁੱਟ ਮੰਗਣਾ, ਸਾਡੇ ਲੋਕ-ਗੀਤਾਂ ਦਾ ਸਜੀਵ ਦ੍ਰਿਸ਼ ਹੈ।

ਉਪਰੋਕਤ ਪੈਰ੍ਹੇ ਨੂੰ ਧਿਆਨ ਨਾਲ ਪੜ੍ਹੋ ਤੇ ਹੇਠ ਲਿਖੇ ਪ੍ਰਸ਼ਨਾਂ ਦਾ ਉੱਤਰ ਦਿਉ :

(ੳ) ਮਨੁੱਖੀ ਜੀਵਨ ਵਿੱਚ ਪਾਣੀ ਦਾ ਕੀ ਮਹੱਤਵ ਹੈ ?

(ਅ) 'ਘਾਟ' ਸ਼ਬਦ ਕਿਹੜੇ-ਕਿਹੜੇ ਅਰਥ ਦਾ ਧਾਰਨੀ ਰਿਹਾ ਹੈ ?

(ੲ) ਪਾਣੀ ਪ੍ਰਾਪਤ ਕਰਨ ਦੇ ਵੱਖ-ਵੱਖ ਸੋਮੇ ਕਿਹੜੇ ਰਹੇ ਹਨ ?

(ਸ) ਲੋਕ-ਗੀਤਾਂ ਵਿੱਚ ਪਾਣੀ ਨਾਲ ਸੰਬੰਧਿਤ ਕਿਹੜੇ ਸਜੀਵ ਦ੍ਰਿਸ਼ ਹਨ ?

(ਹ) 'ਬਾਂਕੀਆਂ' ਤੋਂ ਕੀ ਭਾਵ ਹੈ ? 10

4. ਭਾਸ਼ਾ ਅਤੇ ਉਪ-ਭਾਸ਼ਾ ਦੀ ਪਰਿਭਾਸ਼ਾ ਦੱਸਦੇ ਹੋਏ ਦੋਨਾਂ ਵਿੱਚ ਅੰਤਰ ਸਪਸ਼ਟ ਕਰੋ।

ਜਾਂ

ਪੰਜਾਬੀ ਭਾਸ਼ਾ ਦੇ ਨਿਕਾਸ ਅਤੇ ਵਿਕਾਸ ਬਾਰੇ ਸੰਖੇਪ ਜਾਣਕਾਰੀ ਦਿਉ। 10

5. ਭਾਸ਼ਾ ਦਾ ਟਕਸਾਲੀ ਰੂਪ ਕੀ ਹੁੰਦਾ ਹੈ ? ਪੰਜਾਬੀ ਭਾਸ਼ਾ ਦਾ ਟਕਸਾਲੀ ਰੂਪ ਕਿਹੜਾ ਹੈ ? 10



weeklypoetry.com